# 14 ਮਾਰਚ ਨੂੰ ਮਦਰਜ਼ ਡੇ 'ਤੇ ਵਿਸ਼ੇਸ਼



## ਮਾਂ



ਜੇਕਰ ਦੂਜਾ ਨਾਮ ਕੋਈ ਰੱਬ ਦਾ,
ਉਹ, ਮਾਂ ਦੀ ਮਮਤਾ ਵਰਗਾ ਲਗਦਾ ।

ਹਰ ਰਿਸ਼ਤੇ 'ਚੋਂ ਪਿਆਰ ਉਗਮਦਾ,
ਮਾਂ ਦੇ ਮੋਹ ਦਾ ਨਿੱਘ ਨਹੀਂ ਲਭਦਾ ।

ਲੋਰੀ ਦੀਆਂ ਤਰੰਗਾਂ ਅੰਦਰ,
ਸਵਰਗ ਦਾ ਹਰ ਰੰਗ ਫਿਕਾ ਲਗਦਾ ।

ਰਾਜੇ, ਰਾਣੇ, ਬਲੀ ਸੂਰਮੇਂ,
ਮਾਂ ਦੀ ਕੁਖ ਦੇ ਰਿਣੀ ਨੇ ਲਗਦਾ ।

ਪੁੱਤੋਂ-ਕੁਪੁਤ ਹੋਵਣ ਲਖ ਵਾਰੀ,
ਮਾਂ ਦੀ ਅਸੀਸ ਖਜ਼ਾਨਾ ਜਗਦਾ ।

ਮਾਂ ਦੀ ਛਾਂ ਬਿਨ, ਸਭ ਜਗ ਸੱਖਣਾ,
ਰਹਿਮਤਾਂ ਦਾ ਦਰਿਆ ਹੈ ਵਗਦਾ ।

ਔਲਾਦ ਦਾ ਹਰ ਦੁਖ ਦਿਲ ਤੇ ਝਲਣਾ,
ਕੁਰਬਨੀ ਦਾ ਕੋਈ, ਬਦਲ ਨਹੀਂ ਲਭਦਾ ।

ਮੋਹ ਮਮਤਾ ਦਾ ਲੱਦਿਆ ਇਹ ਰੁਖ,
ਜੰਨਤ ਵੀ ਛਾਂ ਇਸ ਤੋਂ ਮੰਗਦਾ ।

ਤੇਰੀ ਦੇਣ ਦਾ ਹਰ ਸਖਸ਼ ਕਰਜ਼ਾਈ,
ਮਾਂ ਜਿਹਾ ਸ਼ੈਨਸ਼ਾਹ ਨਹੀਂ ਲਭਦਾ ।

ਤੇਰੇ ਪਾਸੇ ਦੇ ਬਿਸਤਰ ਭਿਜਿਆ,
ਬੱਚੇ ਵਾਲਾ ਸੁਕਾ ਲਭਦਾ ।

ਗੁਸੇ ਦੀ ਹਰ ਵਰਜ, ਨਸੀਅਤ,
ਸਭ ਸਹਿ ਕੇ ਵੀ, ਚੰਗਾ ਲਗਦਾ ।

ਕੁਰਬਾਨੀ ਦੀ ਮੂਰਤ ਹੈ ਮਾਂ,
ਦੇਵਤੇ ਵੀ ਤੈਨੂੰ ਕਰਦੇ ਸਜ਼ਦਾ ।

ਬੀਤਿਆ ਵੇਲਾ, ਖੁਸ ਗਏ ਖਜ਼ਾਨੇ,
"ਨਛੱਤਰ ਭੋਗਲ" ਫਿਰੇ ਮਾਂ ਨੂੰ ਲਭਦਾ ।

ਜੇਕਰ ਦੂਜਾ ਨਾਮ ਕੋਈ ਰੱਬ ਦਾ,
ਉਹ ਮਾਂ ਦੀ ਮਮਤਾ ਵਰਗਾ ਲਗਦਾ ।

**ਨਛੱਤਰ ਸਿੰਘ ਭੋਗਲ ਭਾਖੜੀਆਣਾ**

# ਕਾਵਿ-ਕਿਆਰੀ

## ਮਮਤਾ ਦਾ ਫੁੱਲ



ਸਾਹ ਦਾ ਕਰਜ਼ਾ ਲਹਿ ਸਕਦਾ ਹੈ,
ਢਿਹਾ ਚੁਬਾਰਾ ਮੁੜ ਪੈ ਸਕਦਾ ਹੈ,
ਸਿਰ ਤੋਂ ਉੱਠਿਆ ਮਾਂ ਦਾ ਸਾਇਆ,
ਦੁਨੀਆਂ ਵਿੱਚ ਕਿਤੋਂ ਨਾ ਮਿਲਦਾ,
ਮਾਂ ਦੀ ਮਮਤਾ ਦਾ ਫੁੱਲ ਟੁੱਟਿਆ,
ਮੁੜ ਕੇ ਫੇਰ ਕਦੇ ਨਾ ਖਿਲਦਾ ।
ਲੋਰੀਆਂ ਦੇ ਦੇ ਗੋਦ ਖਿਡਾਉਂਦੀ,
ਉਂਗਲੀ ਫੜ ਚੱਲਣਾ ਸਿਖਾਉਂਦੀ,
ਆਪ ਤਾਂ ਭੁੱਖੇ ਢਿੱਡ ਸੌਂ ਜਾਂਦੀ,
ਬੱਚਿਆਂ ਦੇ ਮੂੰਹ ਬੁਰਕੀ ਪਾਉਂਦੀ,
ਦੁਨੀਆਂ ਦੀ ਹਰ ਸ਼ੈਅ ਤੋਂ ਉੱਚਾ,
ਰੁਤਬਾ ਲੋਕੋ ਮਾਂ ਦੇ ਦਿਲ ਦਾ ।
ਭਰੇ ਭਲੇ ਪਰਿਵਾਰ ਦੇ ਅੰਦਰ,
ਮਾਂ ਬਿਨ ਲੱਗਦਾ ਸੁੰਨਾ ਵਿਹੜਾ,
ਬਦਕਿਸਮਤ ਰੋਂਦੇ ਬੱਚਿਆਂ ਨੂੰ,
ਦੱਸੋ ਚੁੱਪ ਕਰਾਉਂਦਾ ਕਿਹੜਾ,
ਰੱਖਦਾ ਕੋਈ ਖਿਆਲ ਨਾ ਲੋਕੋ,
ਮਾਂ ਬਿਨ ਬੱਚਿਆਂ ਹੇਠਾਂ ਗਿੱਲ ਦਾ ।
ਮਾਂ ਦੀਆਂ ਗਾਲ੍ਹਾਂ ਘਿਉ ਦੀਆਂ ਨਾਲਾਂ
ਕਹਿਣਾ ਰੁੜ੍ਹ ਜਾਣਾ ਇਹ ਮੋਇਆ,
ਘੁੱਟਕੇ ਛਾਤੀ ਲਾ ਲੈਂਦੀ ਹੈ।
ਟੁਕੜਾ ਜਦ ਜਿਗਰ ਦਾ ਰੋਇਆ,
ਹੋਰ ਕੋਈ ਝਿੜਕੇ ਬੱਚਿਆਂ ਨੂੰ,
ਤਾਂ ਕਲੇਜਾ ਮਾਂ ਦਾ ਹਿਲਦਾ ।
ਕਰਦਾ ਸਦਾ ਦੁਆਵਾਂ ਰਹਿੰਦਾ
ਮਾਂ ਬਿਨ ਕੋਈ ਨਾ ਜੱਗ ਤੇ ਹੋਵੇ,
ਧੁੱਪੇ ਕੋਈ ਬੋਟ ਸੜੇ ਨਾ,
ਨਾ ਕੋਈ ਕੋਲਾ ਲੱਗ ਲੱਗ ਰੋਵੇ,
'ਚਰਨ ਖਹਿਰਿਆਂ ਵਾਲਾ' ਕਹਿੰਦਾ,
ਕੌਣ ਕਰੂ ਲੇਖਾ ਤਿਲ ਤਿਲ ਦਾ ।

**ਚਰਨ ਸਿੰਘ ਖਹਿਰਾ**

*****

## ਮਾਂ

ਛਤਾਲੀ ਬੀੜਿਆਂ ਦੀ
ਮਾਮਾ ਮੇਰੇ ਗਲ ਮੇਂ
ਮਾਂ
ਮੇਰੀ ਹਾਲੇ ਵੀ ਲੇਬਰ ਰੂਮ ਅੰਦਰ
ਮੈਨੂੰ ਜੰਮਣ ਦੀ ਪੀੜ ਦੀਆਂ
ਲਹਿਰਾਂ
ਉਹਦੀ ਰੂਹ 'ਚ ਉੱਠਣ
ਦਾਈ ਆਖੇ
'ਧੱਕ'
ਜ਼ਰੀ ਕੁ ਹੋਰ,
ਜ਼ਰੀ ਕੁ ਹੋਰ
ਬੱਸ ਤੇਰੀ ਧੀ
ਜੰਮੀ ਕਿ ਜੰਮੀ
ਮੈਂ ਜੰਮੀ
ਮੈਂ ਪੁੱਤਰ ਜੰਮਿਆ
ਮੇਰੇ ਪੁੱਤਰ ਜੰਮਣ ਦੀ
ਪੀੜ ਵੀ
ਮੇਰਾ ਅੰਦਰ ਛੱਡ
ਮੇਰੀ ਮਾਂ ਦਾ ਅੰਦਰ ਮੱਲਿਆ
ਸੱਤਰ ਵਰ੍ਹਿਆਂ ਦੇ ਹੱਡ
ਹਾਲੇ ਵੀ
ਮੇਰੇ ਪੁੱਤਰ ਨੂੰ ਫੁੱਲਾਂ ਹਾਰ
ਚੁੱਕੀ ਫਿਰਨ
ਮੈਥੋਂ ਛਡਾ
ਆਪਣਾ ਲਾਰੁ ਗੱਡਾ
ਸਿੱਧਾ ਨਾ ਥੀਵੇ
ਥੀਵਣ ਥੀਵਣ ਕਰਦੀ
ਜਾ ਅੱਪੜੀ ਮੈਂ 'ਸੀਵਣ'



**ਜ਼ਵੀਆ ਸਾਜਦ**

## ਨਾਨੀ ਅੰਮਾਂ ਦੀ ਯਾਦ

ਜਾਣ ਵਾਲੇ ਨੀ ਮੁੜ ਕੇ ਆਉਂਦੇ ਕਾਹਨੂੰ ਰਾਹਵਾਂ ਵੇਹਨੀ ਆਂ,
ਚੂੜੀਆਂ ਬਾਝੋਂ ਬੁਸ੍ਹੀਆਂ ਬੁਸ੍ਹੀਆਂ ਕਾਹਨੂੰ ਬਾਹਵਾਂ ਵੇਹਨੀ ਆਂ।

ਜਿਥੇ ਮੇਰੀ ਨਾਨੀ ਅੰਮਾ ਬਹਿ ਕੇ ਚਰਖਾ ਕੱਤਦੀ ਸੀ,
ਝੱਲੀ ਹੋ ਕੇ ਮੁੜ ਮੁੜ ਮੈਂ ਉਹੀਓ ਈ ਥਾਵਾਂ ਵੇਹਨੀ ਆਂ।

ਉਹਦੇ ਹੁੰਦਿਆਂ ਜੇਹੜੇ ਮਾਣੇ ਸੁੱਖ ਮੈਂ ਚੇਤੇ ਕਰ ਕਰ ਕੇ
ਗਮ ਦੀ ਲੂ ਤੋਂ ਬਚਣ ਲਈ ਮੈਂ ਉਹੀਓ ਛਾਵਾਂ ਵੇਹਨੀ ਆਂ।

ਮੇਰੀ ਨਾਨੀ ਮੇਰੇ ਮੂੰਹ ਵਿੱਚ ਹੱਥ ਨਾਲ ਚੂਰੀ ਪਾਂਦੀ ਸੀ
ਆਪਣੇ ਹੱਥ ਨਾਲ ਹੁਣ ਮੈਂ ਕਿਸਰਾਂ ਚੂਰੀ ਖਾਵਾਂ ਵੇਹਨੀ ਆਂ।

ਟੁਰ ਗਈ ਮੇਰੀ ਨਾਨੀ ਜਿਥੇ ਨਾ ਕੋਈ ਥਾਂ ਟਿਕਾਣਾ ਏ
ਜਿਸ ਤੇ ਮੈਂ ਕੋਈ ਪੱਤਰ ਪਾਵਾਂ ਉਹ ਸਿਰਨਾਵਾਂ ਵੇਹਨੀ ਆਂ।

ਤੇਰੇ ਬੋਲਣ ਦੇ ਨਾਲ ਸੁਣਿਆ ਬਹੁਤ ਪ੍ਰਾਹੁਣੇ ਆਂਦੇ ਨੇ,
ਮੇਰੀ ਨਾਨੀ ਖਵਰੇ ਆਵੇ ਬੋਲ ਵੇ ਕਾਵਾਂ ਵੇਹਨੀ ਆਂ।

ਤੇਰੇ ਹੁੰਦਿਆਂ ਜਿਹੜੇ ਮੇਰੇ ਲਾਗੋਂ ਦੀ ਵੀ ਲੰਘੇ ਨਹੀਂ,
ਜੋਜ਼ੀ ਉਹਨਾਂ ਦਰਦਾਂ ਨੂੰ ਮੈਂ ਆਪਣੇ ਸਾਹਵਾਂ ਵੇਹਨੀ ਆਂ।

**ਜ਼ਕੀਆ ਨਿਵਾਜ਼ ਜੋਜ਼ੀ**

*** ***

## ਮਾਂ ਬੋਲੀ

ਮਾਂ ਬੋਲੀ ਪੰਜਾਬੀ ਪੰਜਾਬੀਆਂ ਦੀ,
ਸਾਰ ਲਈ ਨਾ ਗਈ ਪੰਜਾਬੀਆਂ ਤੋਂ ।
ਲਾਂਘੇ ਸਦੀਆਂ ਤੋਂ ਰਹੇ ਲੁਟੇਰਿਆਂ ਦੇ,
ਜਾਨ ਸੁਖੀ ਨਾ ਕਦੀ ਗਰਕਾਬੀਆਂ ਤੋਂ ।
ਢੱਗੇ ਬਣੇ ਰਹੇ, ਜਾਨਾਂ ਵਾਰਦੇ ਰਹੇ,
ਤੋਕ ਲਹੀ ਨਾ ਗਲੋਂ ਪੰਜਾਬੀਆਂ ਤੋਂ ।
ਮਾਰ ਧਾੜ ਦੇ ਰਹੇ ਸ਼ਿਕਾਰ ਹੁੰਦੇ,
ਖਾਣਾ ਲਾਹੇ ਦਾ ਕਹੋਤ ਪੰਜਾਬੀਆਂ ਤੋਂ ।
ਧੱਕੇ ਦੇਸਾਂ ਪ੍ਰਦੇਸਾਂ ਦੇ ਪਏ ਖਾਂਦੇ,
ਹੱਕ ਲਏ ਨਾ ਗਏ ਪੰਜਾਬੀਆਂ ਤੋਂ ।
ਕੋਮਲ ਹੁਨਰ ਵੱਲ ਭਲਾ ਹੀ ਗੌਹ ਕਰਨਾ,
ਨਿਸ਼ਕਾਮ ਆਗੂ ਨਾ ਲੱਭੇ ਪੰਜਾਬੀਆਂ ਤੋਂ ।
ਨਾਨਕ ਗੁਰੂ, ਇਕਬਾਲ, ਫਰੀਦ ਬਾਬੇ,
ਮੱਤਾਂ ਸਾਂਭੀਆਂ ਨਾ ਗਈਆਂ ਪੰਜਾਬੀਆਂ ਤੋਂ ।
ਵਕਤੋਂ ਖੁੰਝੀ ਜਿਹਾ ਹੋਇਆ ਹੁਣ ਹਾਲ ਸਾਡਾ,
ਹਾਂਜ ਆਉਂਦੀ ਏ ਭਰਾਵਾਂ ਪੰਜਾਬੀਆਂ ਤੋਂ ।
ਚੋਰ ਦੀ ਮਾਂ ਦਾ ਕੋਠੀ ਵਿੱਚ ਮੂੰਹ ਬੀਬੀ,
ਕਿਵੇਂ ਉਕਿਆ ਗਿਆ ਪੰਜਾਬੀਆਂ ਤੋਂ ।

**ਕਿਰਪਾਲ ਸਿੰਘ ਭੰਵਰਾ**

**ਮਾਂ ਨੀ ਮਾਏ ਚੌਂ ਧੰਨਵਾਦ ਸਹਿਤ**

*****

## ਪ੍ਰਵਾਸੀਆਂ ਦੀ ਕਾਲੀ ਸੂਚੀ



**ਤਰਲੋਚਨ ਸਿੰਘ ਦੁਪਾਲਪੁਰ**

ਮੁੜ ਮੁੜ ਯਾਦ ਆਵੇ ਸੀਨੇ ਛੇਕ ਪਾਵੇ
ਧੋਖਾ ਹੋਇਆ ਜੋ ਸੰਨ ਸੰਤਾਲੀਆਂ ਦਾ ।
ਕੌਡੀ ਮੁੱਲ ਨਾ ਪਿਆ ਕੁਰਬਾਨੀਆਂ ਦਾ,
ਖੂਨ ਡੋਲ੍ਹ ਕੇ ਘਾਲਣਾ ਘਾਲੀਆਂ ਦਾ ।
ਚਾਅ ਚੜ੍ਹੇਗਾ ਕਿਵੇਂ ਪ੍ਰਵਾਸੀਆਂ ਨੂੰ,
'ਲੋਕ ਸਭਾ' ਵਿੱਚ ਵੱਜਦੀਆਂ ਤਾਲੀਆਂ ਦਾ ।
ਹੁਕਮ ਚਾੜ੍ਹ ਕੇ ਕਤਲ ਕਰ ਦੇਣ ਡੱਟੇ,
ਦੇਸ ਜਾਣ ਲਈ ਰੀਝਾਂ ਜੋ ਪਾਲੀਆਂ ਦਾ ।
ਮਸਾਂ ਬਣੇ ਸਬੱਬ ਮੂੰਹ ਦੇਖਣੇ ਦਾ,
ਆਪਣੇ ਵਤਨ ਦੇ ਹਾਲੀਆ-ਪਾਲੀਆਂ ਦਾ ।
ਸਿੱਖ 'ਬਾਹਰਲੇ' ਹੋਣ ਮਾਯੂਸ ਡਾਢੇ
ਚੱਲੇ ਜ਼ਿਕਰ ਜਦ ਸੂਚੀਆਂ ਕਾਲੀਆਂ ਦਾ ।